ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜਿਲ,ਬਲਾਕ.ਈ.ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ.ਨਗਰ (ਪੰਜਾਬ)ਵੱਲ

ਵੱਲ:

ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਸੈ.ਸਿੱ.),

ਪੰਜਾਬ,

ਮੀਮੋ ਨੰ. SCERT/399769/440

ਮਿਤੀ:ਐੱਸ.ਏ.ਐੱਸ. ਨਗਰ/02.11.2026

ਵਿਸ਼ਾ: ਨੈਸ਼ਨਲ ਸਕਾਲਰਸ਼ਿਪ ਪੋਰਟਲ (NSP) ਤੇ NMMSS ਸਕਾਲਰਸ਼ਿਪ ਸਕੀਮ ਲਈ ਅਪਲਾਈ ਕਰਨ ਦੀ ਮਿਤੀ ਵਿੱਚ ਵਾਧਾ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਨੈਸ਼ਨਲ ਸਕਾਲਰਸ਼ਿਪ ਪੋਰਟਲ)NSP) ਤੇ NMMSS ਸਕੀਮ ਲਈ ਸਮਾਂ ਸੀਮਾ ਵਿੱਚ-MoE (Govt. of India) ਦੇ ਆਦੇਸ਼ਾਂ ਅਨੁਸਾਰ ਨੈਸਨਲ ਸਕਾਲਰਸਿਪ ਪੋਰਟਲ ਤੇ ਰਜਿਸਟਰ ਹੋਏ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਦੀ ਮਿਤੀ ਵਿੱਚ ਵਾਧਾ ਕੀਤਾ ਗਿਆ ਹੈ:-

NMMSS ਸਕੀਮ	ਮਿਤੀਆਂ
ਅਰਜ਼ੀਆਂ ਪ੍ਰਾਪਤ ਕਰਨ ਦੀ ਆਖਰੀ ਮਿਤੀ	15 ਨਵੰਬਰ, 2026
INO ਪੱਧਰ ਦੀ ਤਸਦੀਕ (L1) ਦੀ ਆਖਰੀ ਮਿਤੀ	30 ਨਵੰਬਰ, 2026
DNO/SNO ਪੱਧਰ ਦੀ ਤਸਦੀਕ (L2) ਦੀ ਆਖਰੀ ਮਿਤੀ	15 ਦਸੰਬਰ, 2026

2.0 ਇੱਥੇ ਇਹ ਦੱਸਣਯੋਗ ਹੈ ਕਿ ਨੈਸਨਲ ਸਕਾਲਰਸਿਪ ਪੋਰਟਲ ਤੇ ਮਿਤੀ 15.11.2026 ਤੱਕ ਰਜਿਸਟਰਡ ਹੋਏ ਵਿਦਿਆਰਥੀਆਂ (Fresh and Renewal ਦੀਆਂ (ਲਿਸਟਾਂ ਨੱਥੀ) ਵੱਲੋਂ ਅਪਲਾਈ ਕੀਤਾ ਜਾਣਾ ਹੈ।

3.0 ਜ਼ਿਲ੍ਹਾ ਨੋਡਲ ਅਫਸਰ (NMMSS) ਨੂੰ ਹਦਾਇਤ ਕਰਨੀ ਬਣਦੀ ਹੈ ਕਿ ਆਪਣੇ ਜ਼ਿਲ੍ਹੇ ਦੇ ਰਜਿਸਟਰ / ਅਪਲਾਈ ਹੋਏ ਵਿਦਿਆਰਥੀਆਂ, ਜਿਹੜੇ ਕਿ ਸਕੂਲ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਵੈਰੀਫਾਈ ਕਰਨ ਲਈ ਪੈਂਡਿੰਗ ਹਨ, ਨੂੰ ਉਕਤ ਦਰਸਾਈਆਂ ਮਿਤੀਆਂ ਤੋਂ ਪਹਿਲਾਂ-ਪਹਿਲਾਂ ਵੈਰੀਫਾਈ ਕੀਤਾ ਜਾਵੇ ਤਾਂ ਜੋ ਕੋਈ ਵਿਦਿਆਰਥੀ ਵਜੀਫੇ ਤੋਂ ਵਾਂਝਾ ਨਾ ਰਹਿ ਸਕੇ।

4.0 ਕਿਸੇ ਵੀ ਪੱਧਰ ਤੇ ਰਜਿਸਟਰ ਹੋਏ ਵਿਦਿਆਰਥੀ ਜੇਕਰ ਵੈਰੀਫਾਈ ਨਹੀਂ ਹੁੰਦੇ ਤਾਂ ਉਹ ਸਕੀਮ ਦੇ ਲਾਭ (ਚਾਰ ਸਾਲਾਂ ਲਈ 12000/- ਪ੍ਰਤੀ ਸਾਲ ਕੁੱਲ 48000) ਪ੍ਰਾਪਤ ਕਰਨ ਦੇ ਹੱਕਦਾਰ ਨਹੀਂ ਹੋਣਗੇ, ਅਜਿਹੀ ਸੂਰਤ ਵਿੱਚ ਉਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਨੋਡਲ ਅਫਸਰ ਦੀ ਹੋਵੇਗੀ।

ਆਪ ਜੀ ਨੂੰ ਤੁਰੰਤ ਕਾਰਵਾਈ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

Leema.

ਸਹਾਇਕ ਡਾਇਰੈਕਟਰ

ਐਸ.ਸੀ.ਈ.ਆਰ.ਟੀ., ਪੰਜਾਬ